# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ :28-08-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

1. ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਏ ਕਿ ਦੇਸ਼, ਇੱਕ ਵਿਕਸਿਤ ਪੰਜਾਬ ਤੋਂ ਬਿਨਾਂ ਇੱਕ ਵਿਕਸਿਤ ਭਾਰਤ ਨਹੀਂ ਬਣ ਸਕਦਾ.
2. ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਕਹਿਣਾ ਏ ਕਿ ਮਾਵਾਂ – ਧੀਆਂ ਸਤਿਕਾਰ ਯੋਜਨਾ ਤਹਿਤ ਪੰਜਾਬ ਦੀਆਂ 5 ਲੱਖ ਤੋਂ ਵੱਧ ਲੱਭਪਾਤਰੀਆਂ ਨੂੰ ਮਾਲੀ ਲਾਭ ਮਿਲੇਗਾ।
3. ਸਰਕਾਰ ਨੇ ਭਾਖੜਾ ਨੰਗਲ ਡੈਮ ਦੀ ਕੰਧ 1.77 ਇੰਚ ਝੁਕੀ ਹੋਣ ਦੇ ਸੋਸ਼ਲ ਮੀਡੀਆ 'ਤੇ ਚਲ ਰਹੇ ਇੱਕ ਜਾਅਲੀ ਵੀਡੀਓ ਦਾ ਖੰਡਨ ਕੀਤਾ ਏ.ਕਿਹੈ ਕਿ ਡੈਮ ਪੂਰੀ ਤਰ੍ਹਾਂ ਸੁਰੱਖਿਅਤ ਏ.
4. ਸਰਕਾਰ ਦਾ ਕਹਿਣਾ ਏ ਕਿ ਦੇਸ਼ ‘ਚ ਪਿਆਜ਼ ਤੇ ਖੰਡ ਦੀ ਕੋਈ ਕਮੀ ਨਹੀਂ. ਕੀਮਤਾਂ ਨੂੰ ਸਥਿਰ ਰਖਣ ਲਈ ਯਤਨ ਜਾਰੀ.

5. ਅੱਜ ਦੇਸ਼ ਭਰ ਵਿੱਚ ਰੱਖੜੀ ਦਾ ਤਿਉਹਾਰ ਖੁਸ਼ੀਆਂ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ ।

---------------------------------------------------

ਕੇਂਦਰੀ ਖੇਤੀਬਾੜੀ, ਕਿਸਾਨ ਭਲਾਈ ਅਤੇ ਦਿਹਾਤੀ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਪੰਜਾਬ ਦੇ ਕਿਸਾਨਾਂ ਨੂੰ ਭਰੋਸਾ ਦਿੱਤਾ ਏ ਕਿ ਕੇਂਦਰ ਸਰਕਾਰ ਉਨ੍ਹਾਂ ਦੇ ਹਿੱਤਾਂ ਨਾਲ ਸਮਝੌਤਾ ਨਹੀਂ ਕਰੇਗੀ ਅਤੇ ਕਿਸੇ ਵੀ ਦੇਸ਼ ਨਾਲ ਕੀਤੇ ਗਏ ਹਰ ਸਮਝੌਤੇ ਨੂੰ ਉਨ੍ਹਾਂ ਦੀ ਭਲਾਈ ਨੂੰ ਪਹਿਲ ਦੇ ਕੇ ਕੀਤਾ ਜਾਵੇਗਾ। ਅੱਜ ਬਾਬਾ ਬਕਾਲਾ ਵਿਖੇ ਰੱਖੜ ਪੁੰਨਿਆ ਸਮਾਗਮ ਦੌਰਾਨ ਕਿਸਾਨਾਂ ਅਤੇ ਹੋਰਨਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸਮੇਤ ਵਿਰੋਧੀ ਪਾਰਟੀਆਂ ਝੂਠੇ ਬਿਰਤਾਂਤ ਫੈਲਾ ਰਹੀਆਂ ਨੇ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਹਿੱਤਾਂ ਦੇ ਵਿਰੁੱਧ ਸਮਝੌਤੇ ਕਰ ਰਹੀ ਏ ਪਰ ਅਜਿਹਾ ਨਹੀਂ ਏ । ਸ੍ਰੀ ਚੌਹਾਨ ਨੇ ਕਿਹਾ ਕਿ ਕੇਂਦਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਏ ਕਿ ਕਿਸਾਨਾਂ ਨੂੰ ਆਪਣੀਆਂ ਭਲਾਈ ਸਕੀਮਾਂ ਦਾ ਲਾਭ ਮਿਲੇ-- BYTE - 1

ਕੇਂਦਰੀ ਮੰਤਰੀ ਨੇ ਖਾਸ ਤੌਰ 'ਤੇ ਪੰਜਾਬ ਸਰਕਾਰ 'ਤੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ (PMFBY) ਲਾਗੂ ਨਾ ਕਰਨ ਦਾ ਇਲਜ਼ਾਮ ਲਾਇਆ ਜਿਸ ਨਾਲ ਪਿਛਲੇ ਸਾਲ ਸੂਬੇ ਵਿੱਚ ਆਏ ਹੜ੍ਹਾਂ ਤੋਂ ਪ੍ਰਭਾਵਿਤ

ਕਿਸਾਨਾਂ ਨੂੰ ਮੁਆਵਜ਼ਾ ਮਿਲਦਾ। ਉਨ੍ਹਾਂ ਕਿਹਾ ਕਿ ਦੇਸ਼ ਦੇ 23 ਰਾਜਾਂ ਨੇ ਯੋਜਨਾ ਲਾਗੂ ਕੀਤੀ ਏ ਪਰ ਪੰਜਾਬ ਸਰਕਾਰ ਅਜਿਹਾ ਕਰਨ ਵਿੱਚ ਨਾਕਾਮਯਾਬ ਰਹੀ ਏ –- BYTE - 2

ਸ਼੍ਰੀ ਚੌਹਾਨ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਅਤੇ ਇਸਦੇ ਕਿਸਾਨਾਂ ਦੀ ਤਰੱਕੀ ਲਈ ਸਭ ਕੁਝ ਕਰ ਰਹੀ ਏ –- BYTE 3-

ਖੇਤੀਬਾੜੀ ਮੰਤਰੀ ਨੇ ਕਿਹਾ ਕਿ ਦੇਸ਼ ਵਿਕਸਿਤ ਪੰਜਾਬ ਤੋਂ ਬਿਨਾਂ ਵਿਕਸਿਤ ਭਾਰਤ ਨਹੀਂ ਬਣ ਸਕਦਾ-- BYTE 4-

ਉਨ੍ਹਾਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੋਵਾਂ 'ਤੇ ਕਿਸਾਨਾਂ ਅਤੇ ਆਮ ਲੋਕਾਂ ਦੀ ਭਲਾਈ ਲਈ ਠੋਸ ਕੰਮ ਕਰਨ ਵਿੱਚ ਅਸਫਲ ਰਹਿਣ ਦਾ ਇਲ੍ਜ਼ਾਮ ਲਾਇਆ. ਉਨ੍ਹਾਂ ਨੇ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਵਿਗੜਦੀ ਸਥਿਤੀ ਅਤੇ ਨਸ਼ਿਆਂ ਦੇ ਖਤਰੇ ਲਈ ਰਾਜ ਸਰਕਾਰ ਦੀ ਵੀ ਨੁਕਤਾਚੀਨੀ ਕੀਤੀ।

---------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਏ ਕਿ ਮਾਵਾਂ – ਧੀਆਂ ਸਤਿਕਾਰ ਯੋਜਨਾ ਤਹਿਤ ਪੰਜਾਬ ਦੀਆਂ 5 ਲੱਖ ਤੋਂ ਵੱਧ ਲਾਭਪਾਤਰੀਆਂ ਨੂੰ ਮਾਲੀ ਲਾਭ ਮਿਲੇਗਾ । ਬਾਬਾ ਬਕਾਲਾ ਵਿਖੇ ਰੱਖੜ ਪੁੰਨਿਆ ਪ੍ਰੋਗਰਾਮ ਦੇ ਮੌਕੇ 'ਤੇ ਰਾਜ ਪੱਧਰੀ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ----:BYTE- CM

ਉਨ੍ਹਾਂ ਨੇ ਰੱਖੜੀ ਦੇ ਤਿਉਹਾਰ 'ਤੇ ਔਰਤਾਂ ਨੂੰ ਵਧਾਈ ਦਿੱਤੀ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਤੱਕ ਪਿਛਲੇ ਚਾਰ ਸਾਲਾਂ ਵਿੱਚ ਉਨ੍ਹਾਂ ਦੀ ਸਰਕਾਰ ਵੱਲੋਂ 70 ਹਜ਼ਾਰ ਤੋਂ ਵੱਧ ਵਿਅਕਤੀਆਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਨੇ. ਮੁਖ ਮੰਤਰੀ ਨੇ ਇਹ ਵੀ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਕਈ ਵਿਕਾਸ ਪ੍ਰੋਜੈਕਟ ਸ਼ੁਰੂ ਕੀਤੇ ਗਏ ਨੇ. ਇਸ ਦੌਰਾਨ, ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਨੇ ਵੀ ਇਸ ਮੌਕੇ ਬਾਬਾ ਬਕਾਲਾ ਵਿਖੇ ਰੈਲੀਆਂ ਨੂੰ ਸੰਬੋਧਨ ਕੀਤਾ।

----------------------------------------------------------

ਸਰਕਾਰ ਨੇ ਸੋਸ਼ਲ ਮੀਡੀਆ 'ਤੇ ਚਲ ਰਹੇ ਇੱਕ ਜਾਅਲੀ ਵੀਡੀਓ ਦਾ ਖੰਡਨ ਕੀਤਾ ਏ ਜਿਸ ਵਿੱਚ ਇਹ ਝੂਠਾ ਦਾਅਵਾ ਕੀਤਾ ਗਿਆ ਏ ਕਿ ਭਾਖੜਾ ਨੰਗਲ ਡੈਮ ਦੀ ਕੰਧ 1.77 ਇੰਚ ਝੁਕੀ ਹੋਈ ਏ। ਵੀਡੀਓ ਵਿੱਚ ਇਹ ਗੁੰਮਰਾਹਕੁੰਨ ਦਾਅਵਾ ਕੀਤਾ ਗਿਆ ਏ ਕਿ ਡੈਮ ਵਿੱਚ ਪਾੜ ਪੈਣ ਨਾਲ ਦਿੱਲੀ ਸਮੇਤ ਕਈ ਸ਼ਹਿਰਾਂ ਵਿੱਚ ਹੜ੍ਹ ਆ ਸਕਦੇ ਨੇ. ਪ੍ਰੈਸ ਸੂਚਨਾ ਬਿਊਰੋ ਦੀ ਫੈਕਟ ਚੈੱਕ ਇਕਾਈ ਨੇ ਸਪੱਸ਼ਟ ਕੀਤਾ ਏ ਕਿ ਇਹ ਦਾਅਵਾ ਝੂਠਾ ਏ। ਪ੍ਰੈਸ ਸੂਚਨਾ ਬਿਊਰੋ ਦਾ ਕਹਿਣਾ ਏ ਕਿ 27 ਅਗਸਤ, 2024 ਨੂੰ ਡੈਮ ਦੀ ਕੰਧ ਦਾ ਅਸਲ ਝੁਕਾਅ 0.86 ਇੰਚ ਦਰਜ ਕੀਤਾ ਗਿਆ ਸੀ। ਓਹਨਾਂ ਇਹ ਵੀ ਕਿਹਾ ਕਿ ਡੈਮ ਪੂਰੀ ਤਰ੍ਹਾਂ ਸੁਰੱਖਿਅਤ ਏ

। ਇਕਾਈ ਨੇ ਇਹ ਵੀ ਕਿਹਾ ਏ ਕਿ ਡੈਮ ਦੇ ਤਣਾਅ, ਖਿਚਾਅ, ਛੇਕਾਂ ਦੇ ਦਬਾਅ ਅਤੇ ਰਿਸਾਅ ਦੇ ਸਾਰੇ ਮਾਪਦੰਡ ਨਿਰਧਾਰਤ ਆਗਿਆਯੋਗ ਸੀਮਾਵਾਂ ਦੇ ਅੰਦਰ ਨੇ, ।ਦਫ਼ਤਰ ਨੇ ਲੋਕਾਂ ਨੂੰ ਕਿਹੈ ਕਿ ਓਹ ਇਹਨਾਂ ਸਨਸਨੀਖੇਜ਼ ਦਾਅਵਿਆਂ 'ਤੇ ਭਰੋਸਾ ਨਾ ਕਰਨ ਤੇ ਇਹਨਾਂ ਨੂੰ ਪ੍ਰਸਾਰਿਤ ਵੀ ਨਾ ਕਰਨ ਕਿਉਂਕਿ ਉਹ ਬੇਲੋੜਾ ਡਰ ਅਤੇ ਦਹਿਸ਼ਤ ਫੈਲਾ ਸਕਦੇ ਨੇ.

---------------------------------------------

ਭਾਰਤ ਸਰਕਾਰ ਨੇ ਕਿਹਾ ਏ ਕਿ ਪੁਜਾਬ ਸਮੇਤ ਦੇਸ਼ ਭਰ ਵਿੱਚ ਪਿਆਜ ਅਤੇ ਖੰਡ ਦੀ ਕੋਈ ਕਮੀ ਨਹੀਂ ਏ। ਖਪਤਕਾਰ ਮਾਮਲਿਆਂ ਬਾਰੇ ਕੇਂਦਰੀ ਮੰਤਰਾਲੇ ਨੇ ਕਿਹਾ ਏ ਕਿ 2025-26 ਵਿੱਚ 307 ਲੱਖ ਟਨ ਤੋਂ ਵੱਧ ਦੇ ਅਨੁਮਾਨਿਤ ਉਤਪਾਦਨ ਕਾਰਣ ਆਉਣ ਵਾਲੇ ਮਹੀਨਿਆਂ ਵਿੱਚ ਪਿਆਜ਼ ਦੀ ਘਰੇਲੂ ਮੰਗ ਨੂੰ ਪੂਰਾ ਕਰਨ ਲਈ ਇਸਦੀ ਉਪਲਬਧਤਾ ਕਾਫੀ ਏ. ਮੰਤਰਾਲੇ ਨੇ ਦੱਸਿਆ ਏ ਕਿ ਸਰਕਾਰ ਨੇ ਪਿਆਜ਼ ਦੀ ਮੌਸਮੀ ਮੰਗ ਦੀ ਮਿਆਦ ਦੌਰਾਨ ਢੁੱਕਵੀਂ ਉਪਲਬਧਤਾ ਅਤੇ ਸਹਾਇਕ ਕੀਮਤ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਬਫਰ ਸਟਾਕਾਂ ਦੀ ਇੱਕ ਯੋਜਨਾਬਧ ਅਤੇ ਟੀਚਾਮੁਖੀ ਨਿਕਾਸੀ ਸ਼ੁਰੂ ਕੀਤੀ ਏ। ਇਸ ਦੌਰਾਨ ਮਹਾਰਾਸ਼ਟਰ ਦੇ ਨਾਸਿਕ ਤੋਂ 450 ਟਨ ਤੋਂ ਵੱਧ ਪਿਆਜ਼

ਨਾਲ ਪਹਿਲੀ ਰੇਲਗੱਡੀ ਅੱਜ ਸਵੇਰੇ ਦਿੱਲੀ ਪਹੁੰਚੀ. ਜਿੱਥੋਂ ਇਸਦੀ ਸਪਲਾਈ ਨੂੰ ਸੜ੍ਹਕੀ ਆਵਾਜਾਈ ਰਾਹੀਂ ਅੰਮ੍ਰਿਤਸਰ, ਅਤੇ ਚੰਡੀਗੜ੍ਹ, ਜੰਮੂ, ਅਤੇ ਹੋਰ ਅਹਿਮ ਖਪਤ ਕੇਂਦਰਾਂ ਤੱਕ ਪਹੁੰਚਾਇਆ ਜਾ ਰਿਹਾ ਏ। ਸਰਕਾਰ ਦੇ ਕੀਮਤ ਕੰਟ੍ਰੋਲ ਬਫਰ ਸਟਾਕ ਤੋਂ ਪਿਆਜ਼ 35 ਰੁਪਏ ਪ੍ਰਤੀ ਕਿਲੋ ਦੀ ਛੋਟ ਵਾਲੀ ਦਰ 'ਤੇ ਵੇਚਿਆ ਜਾ ਰਿਹਾ ਏ।

-----------------------------------------------

ਭਾਰਤ ਸਰਕਾਰ ਨੇ ਇਹ ਵੀ ਕਿਹਾ ਏ ਕਿ ਦੇਸ਼ ਵਿੱਚ ਖੰਡ ਦੀ ਕੋਈ ਕਮੀ ਨਹੀਂ ਏ ਅਤੇ ਵਾਜਬ ਕੀਮਤਾਂ 'ਤੇ ਖੰਡ ਦੀ ਉਪਲਬਧਤਾ ਲਈ ਸਾਰੇ ਜ਼ਰੂਰੀ ਉਪਾਅ ਕੀਤੇ ਜਾਣਗੇ। ਖਪਤਕਾਰ ਮਾਮਲਿਆਂ ਬਾਰੇ ਮੰਤਰਾਲੇ ਨੇ ਕਿਹਾ ਏ ਕਿ ਹਾਲ ਹੀ ਦੇ ਦਿਨਾਂ ਵਿੱਚ ਮਿਲ ਦੀ ਪ੍ਰਕਿਰਿਆ ਤੋਂ ਬਾਅਦ ਖੰਡ ਦੀਆਂ ਕੀਮਤਾਂ ਵਿੱਚ ਕਰੀਬ 20 ਫੀਸਦੀ ਦੀ ਗਿਰਾਵਟ ਆਈ ਏ , ਜਦੋਂ ਕਿ ਪ੍ਰਚੂਨ ਖੰਡ ਦੀਆਂ ਕੀਮਤਾਂ ਵੀ ਘਟਣੀਆਂ ਸ਼ੁਰੂ ਹੋ ਗਈਆਂ ਨੇ. ਸਰਕਾਰ ਦੇਸ਼ ਭਰ ਵਿੱਚ ਖੰਡ ਦੀਆਂ ਕੀਮਤਾਂ, ਭੰਡਾਰ ਅਤੇ ਆਵਾਜਾਈ 'ਤੇ ਨੇੜਿਓਂ ਨਜ਼ਰ ਰੱਖ ਰਹੀ ਏ।

-----------------------------------------------

ਅੱਜ ਦੇਸ਼ ਭਰ ਵਿੱਚ ਰੱਖੜੀ ਦਾ ਤਿਉਹਾਰ ਮਨਾਇਆ ਜਾ ਰਿਹਾ ਏ। ਇਸ ਮੌਕੇ 'ਤੇ, ਭੈਣਾਂ ਆਪਣੇ ਭਰਾਵਾਂ ਦੇ ਗੁੱਟ 'ਤੇ ਰੰਗ-ਬਿਰੰਗੀਆਂ

ਰੱਖੜੀਆਂ ਬੰਨ੍ਹਦੀਆਂ ਨੇ ਅਤੇ ਉਨ੍ਹਾਂ ਦੀ ਚੰਗੀ ਸਿਹਤ ਅਤੇ ਖੁਸ਼ਹਾਲੀ ਲਈ ਕਾਮਨਾ ਕਰਦੀਆਂ ਨੇ ਅਤੇ ਭਰਾ ਆਪਣੀਆਂ ਭੈਣਾਂ ਦੀ ਰੱਖਿਆ ਅਤੇ ਮਦਦ ਕਰਨ ਦਾ ਵਾਅਦਾ ਕਰਦੇ ਨੇ , ਅਤੇ ਉਨ੍ਹਾਂ ਨੂੰ ਤੋਹਫ਼ੇ ਦਿੰਦੇ ਨੇ । ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਉਪ ਰਾਸ਼ਟਰਪਤੀ ਸੀ ਪੀ ਰਾਧਾਕ੍ਰਿਸ਼ਨਨ, ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਨੇ ਇਸ ਮੌਕੇ 'ਤੇ ਦੇਸ਼ ਨੂੰ ਵਧਾਈਆਂ ਦਿੱਤੀਆਂ ਨੇ. ਪੰਜਾਬ ਦੇ ਮੁਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਰੱਖੜੀ ਦੇ ਤਿਉਹਾਰ ਮੌਕੇ ਸਾਰਿਆਂ ਨੂੰ ਵਧਾਈ ਦਿੱਤੀ ਏ.

---

1. ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਏ ਕਿ ਦੇਸ਼, ਇੱਕ ਵਿਕਸਿਤ ਪੰਜਾਬ ਤੋਂ ਬਿਨਾਂ ਇੱਕ ਵਿਕਸਿਤ ਭਾਰਤ ਨਹੀਂ ਬਣ ਸਕਦਾ.
2. ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਕਹਿਣਾ ਏ ਕਿ ਮਾਵਾਂ – ਧੀਆਂ ਸਤਿਕਾਰ ਯੋਜਨਾ ਤਹਿਤ ਪੰਜਾਬ ਦੀਆਂ 5 ਲੱਖ ਤੋਂ ਵੱਧ ਲੱਭਪਾਤਰੀਆਂ ਨੂੰ ਮਾਲੀ ਲਾਭ ਮਿਲੇਗਾ ।

3. ਸਰਕਾਰ ਨੇ ਭਾਖੜਾ ਨੰਗਲ ਡੈਮ ਦੀ ਕੰਧ 1.77 ਇੰਚ ਝੁਕੀ ਹੋਣ ਦੇ ਸੋਸ਼ਲ ਮੀਡੀਆ 'ਤੇ ਚਲ ਰਹੇ ਇੱਕ ਜਾਅਲੀ ਵੀਡੀਓ ਦਾ ਖੰਡਨ ਕੀਤਾ ਏ.ਕਿਹੈ ਕਿ ਡੈਮ ਪੂਰੀ ਤਰ੍ਹਾਂ ਸੁਰੱਖਿਅਤ ਏ.
4. ਸਰਕਾਰ ਦਾ ਕਹਿਣਾ ਏ ਕਿ ਦੇਸ਼ ‘ਚ ਪਿਆਜ਼ ਤੇ ਖੰਡ ਦੀ ਕੋਈ ਕਮੀ ਨਹੀਂ. ਕੀਮਤਾਂ ਨੂੰ ਸਥਿਰ ਰਖਣ ਲਈ ਯਤਨ ਜਾਰੀ.
5. ਅੱਜ ਦੇਸ਼ ਭਰ ਵਿੱਚ ਰੱਖੜੀ ਦਾ ਤਿਉਹਾਰ ਖੁਸ਼ੀਆਂ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ ।

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ**

**ਸਾਡਾ ਅਗਲਾ ਰਾਸ਼ਟਰੀ ਬੁਲੇਟਿਨ**

**ਸ਼ਾਮ ਸਾਢੇ 7 ਵਜੇ ਹੋਏਗਾ .ਨਮਸ੍ਕਾਰ**